ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥ ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥ ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥ {ਪੰਨਾ 1124}

ਪਦਅਰਥ:- ਟੇਢੀ—ਵਿੰਗੀ। ਚਲੇ—ਤੁਰਦੇ ਹਨ। ਬੀਰੇ—ਪਾਨ ਦੇ ਬੀੜੇ। ਖਾਨ ਲਾਗੇ—ਖਾਣ ਲੱਗਦੇ ਹਨ, ਖਾਣ ਵਿਚ ਮਸਤ ਹਨ। ਭਾਉ—ਪਿਆਰ। ਸਿਉ—ਨਾਲ। ਕਛੂਐ ਕਾਜੁ ਨ—ਕੋਈ ਕੰਮ ਨਹੀਂ, ਕੋਈ ਲੋੜ ਨਹੀਂ। ਦੀਵਾਨ—ਕਚਹਿਰੀ, ਹਕੂਮਤ।1।

ਅਭਿਮਾਨਿ—ਅਹੰਕਾਰ ਵਿਚ। ਕਨਿਕ—ਸੋਨਾ। ਕਾਮਨੀ—ਇਸਤ੍ਰੀ। ਮਹਾ—ਬੜੀ। ਪੇਖਿ—ਵੇਖ ਕੇ। ਸਚੁ—ਸਦਾ ਟਿਕੇ ਰਹਿਣ ਵਾਲੇ। ਮਾਨਿ—ਮਾਨੈ, ਮੰਨਦਾ ਹੈ, ਸਮਝਦਾ ਹੈ।1। ਰਹਾਉ।

ਮਦ—ਅਹੰਕਾਰ। ਇਹ ਬਿਧਿ—ਇਹਨੀਂ ਢੰਗੀਂ, ਇਹਨਾਂ ਤਰੀਕਿਆਂ ਨਾਲ। ਅਉਧ—ਉਮਰ। ਬਿਹਾਨਿ—ਗੁਜ਼ਰਦੀ ਹੈ, ਬੀਤਦੀ ਹੈ। ਕਹਿ—ਕਹੇ, ਆਖਦਾ ਹੈ। ਬੇਰ—ਸਮੇ। ਆਇ ਲਾਗੋ—ਆ ਅੱਪੜਦਾ ਹੈ। ਕਾਲੁ—ਮੌਤ। ਨਿਦਾਨਿ—ਓੜਕ ਨੂੰ।2।

ਅਰਥ:- ਮਨੁੱਖ ਅਹੰਕਾਰ ਵਿਚ (ਆ ਕੇ) ਪਰਮਾਤਮਾ ਨੂੰ ਭੁਲਾ ਦੇਂਦਾ ਹੈ। ਸੋਨਾ ਤੇ ਬੜੀ ਸੁਹਣੀ ਇਸਤ੍ਰੀ ਵੇਖ ਵੇਖ ਕੇ ਇਹ ਮੰਨ ਬੈਠਦਾ ਹੈ ਕਿ ਇਹ ਸਦਾ ਰਹਿਣ ਵਾਲੇ ਹਨ।1। ਰਹਾਉ।

(ਅਹੰਕਾਰ ਵਿਚ) ਵਿੰਗੀ ਪੱਗ ਬੰਨ੍ਹਦਾ ਹੈ, ਆਕੜ ਕੇ ਤੁਰਦਾ ਹੈ, ਪਾਨ ਦੇ ਬੀੜੇ ਖਾਂਦਾ ਹੈ, (ਤੇ ਆਖਦਾ ਹੈ—) ਮੇਰਾ ਕੰਮ ਹੈ ਹਕੂਮਤ ਕਰਨੀ, ਪਰਮਾਤਮਾ ਨਾਲ ਪਿਆਰ ਜਾਂ ਪ੍ਰਭੂ ਦੀ ਭਗਤੀ ਦੀ ਮੈਨੂੰ ਕੋਈ ਲੋੜ ਨਹੀਂ।1।

(ਮਾਇਆ ਦਾ) ਲਾਲਚ, ਝੂਠ, ਵਿਕਾਰ, ਬੜਾ ਅਹੰਕਾਰ—ਇਹਨੀਂ ਗੱਲੀਂ ਹੀ (ਸਾਰੀ) ਉਮਰ ਗੁਜ਼ਰ ਜਾਂਦੀ ਹੈ। ਕਬੀਰ ਆਖਦਾ ਹੈ—ਆਖ਼ਰ ਉਮਰ ਮੁੱਕਣ ਤੇ ਮੌਤ (ਸਿਰ ਤੇ) ਆ ਹੀ ਅੱਪੜਦੀ ਹੈ।2।5।

ਸ਼ਬਦ ਦਾ ਭਾਵ:- ਅਸਾਰਤਾ—ਧਨ, ਇਸਤ੍ਰੀ, ਹਕੂਮਤ ਦੇ ਮਾਣ ਵਿਚ ਰੱਬ ਨੂੰ ਵਿਸਾਰ ਕੇ ਮਨੁੱਖ ਜੀਵਨ ਅਜਾਈਂ ਗਵਾ ਲੈਂਦਾ ਹੈ।